Sunshine Coast COUNCIL | Our region. Healthy. Smart. Creative.

# Welcome
Multicultural Welcome Hub

INFORMATION SHEET

## ਕਾਰ ਪਾਰਕਿੰਗ ਅਤੇ ਡਰਾਈਵਿੰਗ

ਸਨਸ਼ਾਈਨ ਕੋਸਟ ਇੱਕ ਪ੍ਰਸਿੱਧ ਥਾਂ ਹੈ ਜੋ ਇਸ ਖੇਤਰ ਵਿੱਚ ਸੈਲਾਨੀਆਂ ਅਤੇ ਸਥਾਨਕ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ

ਵਾਹਨ ਚਾਲਕਾਂ ਅਤੇ ਪੈਦਲ ਚੱਲਣ ਵਾਲਿਆਂ ਦੋਵਾਂ ਦੀ ਸੁਰੱਖਿਆ ਲਈ ਪਾਰਕਿੰਗ ਅਤੇ ਡ੍ਰਾਇਵਿੰਗ ਨਿਯਮ ਲਾਗੂ ਹਨ ਵਾਹਨ ਚਾਲਕਾਂ ਨੂੰ ਨਿਯਮਾਂ ਦੀ ਪਾਲਣਾ ਕਰਨ ਵਿੱਚ ਸਹਾਇਤਾ ਲਈ ਚਿੰਨ੍ਹ ਲੱਗੇ ਹੋਏ ਹਨ

### ਪੀਲੀਆਂ ਕਿਨਾਰੇ ਦੀਆਂ ਲਾਈਨਾਂ

ਸੜਕ ਕਿਨਾਰੇ ਦੇ ਨਾਲ-ਨਾਲ ਪੀਲੀ ਲਾਈਨ ਦਾ ਮਤਲਬ ਹੈ ਕਿ ਸੜਕ ਦੇ ਉਸ ਹਿੱਸੇ 'ਤੇ ਰੁਕਣ ਦੀ ਬਿਲਕੁਲ ਆਗਿਆ ਨਹੀਂ ਹੈ

### ਨੋ ਸਟੌਪਿੰਗ

'ਨੋ ਸਟੌਪਿੰਗ' ਦੇ ਚਿੰਨ੍ਹ ਖੰਭਿਆ ਜਾਂ ਸੜਕਾਂ 'ਤੇ ਲੱਗੇ ਚਿੰਨ੍ਹਾਂ 'ਤੇ ਲੱਗੇ ਹੁੰਦੇ ਹਨ। ਡ੍ਰਾਈਵਰ ਨੂੰ ਉਸ ਸੜਕ ਦੇ ਕਿਸੇ ਵੀ ਹਿੱਸੇ 'ਤੇ ਨਹੀਂ ਰੁਕਣਾ ਚਾਹੀਦਾ ਜਿਥੇ 'ਨੋ ਸਟੌਪਿੰਗ' ਲਿਖਿਆ ਹੋਵੇ।

'ਨੋ ਸਟੌਪਿੰਗ' ਖੇਤਰ ਵਾਹਨ ਚਾਲਕਾਂ ਅਤੇ ਪੈਦਲ ਚੱਲਣ ਵਾਲਿਆਂ ਦੀ ਸੁਰੱਖਿਆ ਲਈ ਹਨ। ਇਹ ਆਵਾਜਾਈ ਦੇ ਆਸਾਨ ਪ੍ਰਵਾਹ ਵਿਚ ਵੀ ਸਹਾਇਤਾ ਕਰਦਾ ਹੈ।

### ਨੋ ਪਾਰਕਿੰਗ

'ਨੋ ਪਾਰਕਿੰਗ' ਦੇ ਸੰਕੇਤ ਦਾ ਮਤਲਬ ਹੈ ਕਿ ਤੁਸੀਂ ਇਸ ਥਾਂ 'ਚ ਆਪਣੀ ਕਾਰ ਨੂੰ ਸਿਰਫ ਦੋ ਮਿੰਟਾਂ ਲਈ ਰੋਕ ਸਕਦੇ ਹੋ। ਡਰਾਈਵਰ ਲਾਜ਼ਮੀ ਤੌਰ 'ਤੇ ਵਾਹਨ ਵਿਚ ਹੀ ਰਹੇ, ਜਿੰਨਾ ਸਮਾਂ ਉਹ ਯਾਤਰੀਆਂ ਨੂੰ ਗੱਡੀ ਵਿਚ ਬਿਠਾਉਂਦਾ ਜਾਂ ਉਤਾਰਦਾ ਹੈ।

### ਲੋਡਿੰਗ ਜ਼ੋਨ (ਸਮਾਨ ਚੜ੍ਹਾਉਣ ਵਾਲਾ ਇਲਾਕਾ)

ਇੱਥੇ ਲੋਡਿੰਗ ਜ਼ੋਨਾਂ ਦੀਆਂ ਦੋ ਕਿਸਮਾਂ ਹਨ।

#### *ਸਿਰਫ ਵਪਾਰਕ ਵਾਹਨ ਲਈ*

ਸਿਰਫ ਉਨ੍ਹਾਂ ਵਾਹਨਾਂ ਦੁਆਰਾ ਵਰਤੇ ਜਾ ਸਕਦੇ ਹਨ ਜਿਨ੍ਹਾਂ ਦੀ ਮੁਢਲੀ ਭੂਮਿਕਾ ਸਾਮਾਨ ਚੁੱਕਣ ਦੀ ਹੁੰਦੀ ਹੈ (ਉਦਾਹਰਣ ਵਜੋਂ ਯੂਟ, ਵੈਨਾਂ ਅਤੇ ਟਰੱਕ) ਸੰਕੇਤ ਦੱਸ ਦੇਵੇਗਾ ਕਿ ਕੀ ਲੋਡਿੰਗ ਜ਼ੋਨ ਸਿਰਫ ਵਪਾਰਕ ਵਾਹਨਾਂ ਦੀ ਵਰਤੋਂ ਲਈ ਹੈ।

#### *ਅਣ-ਨਿਰਧਾਰਤ*

ਇਹ ਲੋਡਿੰਗ ਜ਼ੋਨ ਮਾਲ ਚੜਾਉਣ ਅਤੇ ਉੱਤਾਰਨ ਲਈ 30 ਮਿੰਟ ਤੱਕ ਵਰਤੇ ਜਾ ਸਕਦੇ ਹਨ। ਇਸ ਜ਼ੋਨ ਵਿਚ ਯਾਤਰੀਆਂ ਨੂੰ ਚੜਾਉਣ ਅਤੇ ਉੱਤਾਰਨ ਲਈ ਦੋ ਮਿੰਟ ਦੀ ਸਮਾਂ ਸੀਮਾ ਵੀ ਹੈ।

### ਮੀਟਰਡ ਜਾਂ ਸਮਾਂ ਸੀਮਤ ਪਾਰਕਿੰਗ

ਸਮਾਂ ਸੀਮਤ ਪਾਰਕਿੰਗ ਨੂੰ ਇੱਕ ਸੰਕੇਤ ਨਾਲ ਦੱਸਿਆ ਜਾਵੇਗਾ ਜਿਸ ਵਿੱਚ ਦੱਸਿਆ ਗਿਆ ਹੋਵੇਗਾ ਕਿ ਤੁਹਾਨੂੰ ਉਥੇ ਕਿੰਨੀ ਦੇਰ ਗੱਡੀ ਖੜਾਉਣ ਦੀ ਆਗਿਆ ਹੈ। ਉਦਾਹਰਣ ਵਜੋਂ, 2P ਦਾ ਅਰਥ ਹੈ ਕਿ ਤੁਹਾਨੂੰ 2 ਘੰਟੇ ਗੱਡੀ ਖੜਾਉਣ ਦੀ ਆਗਿਆ ਹੈ।

*ਨੋਟ: *ਜੇ ਇਕੱਲਾ P ਅੱਖਰ ਹੀ ਲਿਖਿਆ ਹੋਵੇ ਤਾਂ ਸਮੇਂ ਦੀ ਕੋਈ ਸੀਮਾ ਨਹੀਂ ਹੈ*

### ਅਪੰਗਤਾ ਪਾਰਕਿੰਗ

ਇਹ ਪਾਰਕਿੰਗ ਖੇਤਰ ਸਿਰਫ ਅਯੋਗ ਵਿਅਕਤੀਆਂ ਲਈ ਹੀ ਹੁੰਦਾ ਹੈ ਇਹਨਾਂ ਥਾਵਾਂ 'ਤੇ ਖੜੇ ਵਾਹਨਾਂ ਨੂੰ ਅਪਾਹਜ ਲੋਕਾਂ ਲਈ ਮੌਜੂਦਾ ਪਾਰਕਿੰਗ ਪਰਮਿਟ ਦਾ ਪਰਗਟਾਵਾ ਕਰਨਾ ਚਾਹੀਦਾ ਹੈ

ਡਰਾਈਵਰ ਨੂੰ ਜਾਂ ਤਾਂ ਆਪ ਪਰਮਿਟ ਧਾਰਕ ਹੋਣਾ ਚਾਹੀਦਾ ਹੈ ਜਾਂ ਕਿਸੇ ਅਜਿਹੇ ਯਾਤਰੀ ਲਈ ਵਾਹਨ ਪਾਰਕ ਕਰਨਾ ਚਾਹੀਦਾ ਹੈ ਜੋ ਅਪਾਹਜ ਹੈ ਅਤੇ ਮੌਜੂਦਾ ਪਰਮਿਟ ਰੱਖਦਾ ਹੈ

ਅਪਾਹਜ ਲੋਕਾਂ ਲਈ ਪਰਮਿਟ ਦੋ ਕਿਸਮਾਂ ਦੇ ਹੁੰਦੇ ਹਨ।

#### *ਅਪਾਹਜ ਲੋਕਾਂ ਲਈ ਨੀਲਾ ਪਰਮਿਟ*

- ਮੀਟਰਡ ਅਤੇ ਨਿਯਮਤ ਥਾਵਾਂ 'ਤੇ ਗੱਡੀ ਮੁਫਤ ਪਾਰਕ ਕਰਨ ਦੀ ਆਗਿਆ ਹੁੰਦੀ ਹੈ ਜਿਥੇ ਸਮਾਂ ਸੀਮਾ 30 ਮਿੰਟ ਤੋਂ ਵੱਧ ਹੁੰਦੀ ਹੈ।
- ਅਪਾਹਜ ਪਾਰਕਿੰਗ ਥਾਵਾਂ ਵਿੱਚ ਗੱਡੀ ਖੜ੍ਹਾਉਣ ਦੀ ਆਗਿਆ ਹੁੰਦੀ ਹੈ। ਹਸਪਤਾਲਾਂ ਅਤੇ ਖਰੀਦਦਾਰੀ ਕੇਂਦਰਾਂ ਦੇ ਨੇੜੇ ਬਣੀਆਂ ਕਤਾਰਾਂ ਸਮੇਤ।

#### *ਅਪਾਹਜ ਲੋਕਾਂ ਲਈ ਲਾਲ ਪਰਮਿਟ*

- ਸਿਰਫ ਗੱਡੀ ਖੜਾਉਣ ਵਾਲੇ ਟਿਕਾਣਿਆਂ 'ਤੇ ਅਪੰਗਤਾ ਪਾਰਕਿੰਗ ਕਤਾਰਾਂ ਵਿੱਚ ਗੱਡੀ ਖੜਾਉਣ ਦੀ ਆਗਿਆ ਹੈ।

ਅਪਾਹਜ ਲੋਕਾਂ ਪਾਰਕਿੰਗ ਪਰਮਿਟ ਬਾਰੇ ਜਾਣਕਾਰੀ ਸੋਸ਼ਲ ਸਰਵਿਸਿਜ਼ ਵਿਭਾਗ ਵਲੋਂ ਉਪਲਬਧ ਹੈ।

https://www.dss.gov.au/disability-and-carers

### ਬੱਸ ਜ਼ੋਨ

- ਕਿਸੇ ਵੀ ਵਾਹਨ ਚਾਲਕ ਨੂੰ ਬੱਸ ਜ਼ੋਨ ਵਿਚ ਨਹੀਂ ਰੁਕਣਾ ਚਾਹੀਦਾ ਹੈ।
- ਬੱਸ ਸਟਾਪ ਦੇ ਚਿੰਨ੍ਹ ਤੋਂ ਪਹਿਲਾਂ 20 ਮੀਟਰ ਦੀ ਦੂਰੀ ਦੇ ਅੰਦਰ ਕਿਸੇ ਵੀ ਵਾਹਨ ਚਾਲਕ ਨੂੰ ਨਹੀਂ ਰੁਕਣਾ ਚਾਹੀਦਾ ਹੈ।
- ਬੱਸ ਸਟਾਪ ਦੇ ਚਿੰਨ੍ਹ ਦੇ ਬਾਅਦ 10 ਮੀਟਰ ਦੀ ਦੂਰੀ ਦੇ ਅੰਦਰ ਕਿਸੇ ਵੀ ਵਾਹਨ ਚਾਲਕ ਨੂੰ ਨਹੀਂ ਰੁਕਣਾ ਚਾਹੀਦਾ ਹੈ।

## ਸਕੂਲ ਜ਼ੋਨ

ਜਦੋਂ ਸਕੂਲ ਜ਼ੋਨ ਦੇ ਨੇੜੇ ਯਾਤਰਾ ਕਰੋ ਤਾਂ ਗੱਡੀ ਖੜ੍ਹਾਉਣ ਅਤੇ ਚਲਾਉਣ ਦੇ ਨਿਯਮਾਂ ਬਾਰੇ ਲਾਜ਼ਮੀ ਤੌਰ 'ਤੇ ਸੁਚੇਤ ਰਹੋ।

ਸਕੂਲ ਜ਼ੋਨ ਵਿਚ ਲੱਗੇ ਸੰਕੇਤ ਦੱਸਦੇ ਹਨ ਕਿ ਤੁਸੀਂ ਕਿਸ ਗਤੀ 'ਤੇ ਯਾਤਰਾ ਕਰ ਸਕਦੇ ਹੋ, ਅਤੇ ਕਿੱਥੇ ਗੱਡੀ ਪਾਰਕ ਕਰਨੀ ਹੈ। ਉਦਾਹਰਣ ਦੇ ਤੌਰ 'ਤੇ ਕੁਝ ਸੰਕੇਤਾਂ 'ਤੇ ਸਿਰਫ "ਪਿਕ-ਅੱਪ" ਅਤੇ 'ਡਰਾਪ ਆਫ' ਲਿਖਿਆ ਹੁੰਦਾ ਹੈ। ਡਰਾਈਵਰਾਂ ਨੂੰ ਇਨ੍ਹਾਂ ਸੰਕੇਤਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

## ਫੁੱਟਪਾਥ 'ਤੇ ਗੱਡੀ ਖੜਾਉਣਾ

ਡ੍ਰਾਈਵਰ ਨੂੰ ਹੇਠ ਦਿੱਤੇ ਥਾਵਾਂ ਵਿੱਚ ਵਾਹਨ ਨਹੀਂ ਖੜ੍ਹਾਉਣਾ ਚਾਹੀਦਾ ਜਾਂ ਪੈਦਲ-ਯਾਤਰੀਆ ਅਤੇ ਵਾਹਨਾਂ ਦਾ ਰਾਸਤਾ ਨਹੀਂ ਰੋਕਣਾ ਚਾਹੀਦਾ:

- ਪਗਡੰਡੀ
- ਵਿਚਕਾਰਲੀ ਪੱਟੀ
- ਰੰਗ ਕੀਤੀ ਹੋਈ ਸੜਕ 'ਤੇ
- ਸਾਈਕਲ ਮਾਰਗ 'ਤੇ

## "ਵਿਕਰੀ □□" ਕਾਰ

ਕਿਸੇ ਵੀ ਵਿਅਕਤੀ ਨੂੰ ਆਪਣੇ ਵਾਹਨ ਨੂੰ ਕੌਂਸਲ ਦੀ ਮਾਲਕੀਅਤ ਵਾਲੀ ਜ਼ਮੀਨ 'ਤੇ ਗੱਡੀ ਖੜ੍ਹਾਉਣ ਅਤੇ ਵੇਚਣ ਲਈ ਇਸ਼ਤਿਹਾਰਬਾਜ਼ੀ ਕਾਰਨ ਦੀ ਆਗਿਆ ਨਹੀਂ ਹੈ।

## ਕਿਸੇ ਰਿਜ਼ਰਵ (ਰਾਖਵੀਂ ਥਾਂ) ਜਾਂ ਪਾਰਕ ਵਿਚ ਗੱਡੀ ਖੜ੍ਹਾਉਣਾ

ਕਿਸੇ ਵੀ ਵਿਅਕਤੀ ਨੂੰ ਕਿਸੇ ਪਾਰਕ ਜਾਂ ਰਿਜ਼ਰਵ ਵਿੱਚ ਮੋਟਰ ਵਾਹਨ ਲਿਆਉਣ ਅਤੇ ਚਲਾਉਣ ਦੀ ਆਗਿਆ ਨਹੀਂ ਹੈ, ਜਦ ਤੱਕ ਕਿ ਉਸ ਥਾਂ ਉਤੇ ਕੋਈ ਹੋਰ ਸੰਕੇਤ ਨਾ ਲੱਗਿਆ ਹੋਵੇ।

## ਪਾਬੰਦੀਸੁਦਾ ਗੱਡੀ ਖੜ੍ਹਾਉਣ ਵਾਲੇ ਥਾਂ

ਜਦੋਂ ਤੁਸੀਂ ਹੇਠਾਂ ਦਿੱਤੇ ਖੇਤਰਾਂ ਦੇ ਨੇੜੇ ਗੱਡੀ ਖੜਾਉਂਦੇ ਹੋ ਤਾਂ ਤੁਹਾਨੂੰ ਇੱਕ ਸੁਰੱਖਿਅਤ ਦੂਰੀ ਬਣਾਈ ਰੱਖਣ ਦੀ ਲੋੜ ਹੁੰਦੀ ਹੈ।

- ਡਾਕਖਾਨੇ ਨੇੜੇ
- ਬੱਸ ਅੱਡੇ ਨੇੜੇ
- ਸੈਂਟਰ ਲਾਈਨਾਂ ਨੇੜੇ

# ਹੋਰ ਜਾਣਕਾਰੀ ਲਈ

ਸਥਾਨਕ ਪਾਰਕਿੰਗ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ।

Queensland ਦੇ ਸੜਕ ਨਿਯਮਾਂ ਅਤੇ ਕਾਨੂੰਨਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਵੇਖੋ: www.tmr.qld.gov.au

# ਮਲਟੀਕਲਚਰਲ ਵੈਲਕਮ ਹੱਬ

ਇਹ ਪਤਾ ਲਗਾਓ ਕਿ ਤੁਹਾਨੂੰ ਸਹਾਇਤਾ ਕਿੱਥੋਂ ਮਿਲ ਸਕਦੀ ਹੈ, ਤੁਸੀਂ ਲੋਕਾਂ ਨੂੰ ਕਿਵੇਂ ਮਿਲ ਸਕਦੇ ਹੋ ਅਤੇ ਆਪਣੇ ਨਵੇਂ ਭਾਈਚਾਰੇ ਦਾ ਪਤਾ ਲਗਾ ਸਕਦੇ ਹੋ। ਹੋਰ ਪ੍ਰਵਾਸੀਆਂ ਦੀਆਂ ਕਹਾਣੀਆਂ ਸੁਣੋ।

www.sunshinecoast.qld.gov.au/multicultural

## ਕੀ ਤੁਹਾਨੂੰ ਭਾਸ਼ਾ 'ਚ ਮਦਦ ਚਾਹੀਦੀ ਹੈ?

ਜੇ ਤੁਹਾਨੂੰ ਅੰਗ੍ਰੇਜ਼ੀ ਬੋਲਣ ਜਾਂ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਤੁਸੀਂ 131 450 'ਤੇ ਅਨੁਵਾਦਕ ਅਤੇ ਦੁਭਾਸ਼ੀਆ ਸੇਵਾ (ਟੀ.ਆਈ.ਐੱਸ.) ਨੂੰ ਫ਼ੋਨ ਕਰ ਸਕਦੇ ਹੋ ਅਤੇ ਸਨਸ਼ਾਈਨ ਕੋਸਟ ਕੌਂਸਲ ਨੂੰ 5475 7272 'ਤੇ ਫ਼ੋਨ ਕਰਨ ਦੀ ਬੇਨਤੀ ਕਰ ਸਕਦੇ ਹੋ।

# ਔਨਲਾਈਨ ਜਾਣਕਾਰੀ ਦਾ ਅਨੁਵਾਦ ਕਰਨਾ

ਤੁਸੀਂ ਵੈੱਬਪੇਜਾਂ ਨੂੰ ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ ਕਰਨ ਲਈ ਗੂਗਲ ਕਰੋਮ ਦੀ ਵਰਤੋਂ ਕਰ ਸਕਦੇ ਹੋ। ਇਸ ਕਾਰਜ ਨੂੰ ਸਰਗਰਮ ਕਰਨ ਲਈ ਇਨ੍ਹਾਂ ਗੱਲਾਂ ਦੀ ਪਾਲਣਾ ਕਰੋ:

- ਆਪਣੇ ਕੰਪਿਊਟਰ' ਤੇ, ਕਰੋਮ ਖੋਲ੍ਹੋ।
- ਉੱਪਰ ਸੱਜੇ ਪਾਸੇ 'ਤੇ, ਹੋਰ ਸੈਟਿੰਗਜ਼ 'ਤੇ ਕਲਿਕ ਕਰੋ।
- ਥੱਲੇ ਜਾਕੇ, ਐਡਵਾਂਸਡ 'ਤੇ ਕਲਿੱਕ ਕਰੋ।
- "ਭਾਸ਼ਾਵਾਂ" ਦੇ ਅਧੀਨ, ਭਾਸ਼ਾ 'ਤੇ ਕਲਿਕ ਕਰੋ।
- ਚੈੱਕ ਕਰੋ ਜਾਂ ਅਨਚੈਕ ਕਰੋ "ਉਨ੍ਹਾਂ ਪੰਨਿਆਂ ਦਾ ਅਨੁਵਾਦ ਕਰਨ ਦੀ ਪੇਸ਼ਕਸ਼ ਕਰੋ ਜਿਹੜੇ ਤੁਹਾਡੇ ਪੜ੍ਹਨ ਵਾਲੀ ਭਾਸ਼ਾ ਵਿੱਚ ਨਹੀਂ ਹਨ। "

ਅਗਸਤ 2019 ਨੂੰ ਮੌਜੂਦਾ ਤੌਰ 'ਤੇ

**Sunshine Coast Council**
**www.sunshinecoast.qld.gov.au**
mail@sunshinecoast.qld.gov.au
**T** 07 5475 7272 **F** 07 5475 7277
Locked Bag 72 Sunshine Coast Mail Centre Qld 4560